VICTORIA POLICE

**Punjabi**

**ਡ੍ਰਗ ਡ੍ਰਾਇਵਿੰਗ (ਨਸ਼ੇ ਕਰਕੇ ਗੱਡੀ ਚਲਾਉਣ ਦੀ) ਉਲਘੰਣਾ – ਤੁਹਾਡੇ ਔਰਲ ਫਲੂਅਡ ਸੈਂਪਲ (ਮੂੰਹ ਦੇ ਤਰਲ ਪਦਾਰਥ ਦੇ ਨਮੂਨੇ) ਦੀ ਅੱਗੇ ਹੋਰ ਜਾਂਚ**

ਤੁਹਾਨੂੰ ਡ੍ਰਗ ਡ੍ਰਾਇਵਿੰਗ ਲਈ ਉਲੰਘਣਾ ਨੋਟਿਸ ਜਾਰੀ ਕੀਤਾ ਗਿਆ ਹੈ (**ਉਲੰਘਣਾ - Infringement**)। ਇਸ ਦਸਤਾਵੇਜ਼ ਦਾ ਉਦੇਸ਼ ਤੁਹਾਨੂੰ ਇਹ ਦੱਸਣਾ ਹੈ ਕਿ ਤੁਹਾਡਾ ਔਰਲ ਫਲੂਅਡ (ਮੂੰਹ ਦੇ ਤਰਲ ਪਦਾਰਥ ਦੇ ਨਮੂਨੇ) ਅੱਗੇ ਹੋਰ ਜਾਂਚ ਲਈ ਇੱਕ ਮਨਜ਼ੂਰਸ਼ੁਦਾ ਪ੍ਰਯੋਗਸ਼ਾਲਾ ਨੂੰ ਭੇਜਿਆ ਜਾਵੇਗਾ, ਅਤੇ ਅਜਿਹਾ ਇਸਲਈ ਵੀ ਕੀਤਾ ਜਾਵੇਗਾ ਤਾਂ ਜੋ ਪ੍ਰਯੋਗਸ਼ਾਲਾ ਦੀ ਜਾਂਚ ਦੇ ਨਤੀਜੇ 'ਤੇ ਨਿਰਭਰ ਕਰਦੇ ਹੋਏ ਤੁਹਾਡੀ ਉਲੰਘਣਾ ਨਾਲ ਕਿਵੇਂ ਨਜਿੱਠਣਾ ਹੈ, ਇਸ ਬਾਰੇ ਤੁਹਾਨੂੰ ਸੂਚਨਾ ਦਿੱਤੀ ਜਾ ਸਕੇ।

ਤੁਹਾਨੂੰ ਉਲੰਘਣਾ ਨੋਟਿਸ ਜਾਰੀ ਕੀਤੇ ਜਾਣ ਤੋਂ ਪਹਿਲਾਂ, ਇੱਕ ਪ੍ਰਿਸਕ੍ਰਾਇਬ ਔਰਲ ਫਲੂਅਡ ਟੈਸਟ ਡਿਵਾਇਸ ਦੁਆਰਾ ਤੁਹਾਡੇ ਔਰਲ ਫਲੂਅਡ ਦੇ ਸੈਂਪਲ ਦੀ ਜਾਂਚ ਕੀਤੀ ਗਈ ਸੀ। ਇਸ ਜਾਂਚ ਦੇ ਨਤੀਜੇ ਤੋਂ ਤੁਹਾਡੇ ਔਰਲ ਫਲੂਅਡ ਸੈਂਪਲ ਵਿੱਚ ਇਕ ਪ੍ਰਿਸਕ੍ਰਾਇਬ ਨਾਜ਼ਾਇਜ ਡ੍ਰਗ ਦਾ ਹੋਣਾ ਪਾਇਆ ਗਿਆ ਸੀ।

ਵਿਕਟੋਰੀਆ ਪੁਲਿਸ ਦੇ ਤਜਬਰੇ ਵਿੱਚ, ਪ੍ਰਿਸਕ੍ਰਾਇਬ ਔਰਲ ਫਲੂਅਡ ਟੈਸਟ ਡਿਵਾਇਸ ਜਿਆਦਾਤਰ ਮਾਮਲਿਆਂ ਵਿੱਚ ਸਹੀ ਨਤੀਜੇ ਪੈਦਾ ਕਰਦੇ ਹਨ। ਇਹ ਪੁਸ਼ਟੀ ਕਰਨ ਲਈ ਕਿ ਤੁਹਾਡੀ ਮਾਮਲੇ ਵਿੱਚ ਨਤੀਜਾ ਸਹੀ ਸੀ, ਵਿਕਟੋਰੀਆ ਪੁਲਿਸ ਤੁਹਾਡੇ ਔਰਲ ਫਲੂਅਡ ਸੈਂਪਲ ਦੀ ਅੱਗੇ ਹੋਰ ਜਾਂਚ ਕੀਤੇ ਜਾਣ ਲਈ ਇਸਨੂੰ ਇੱਕ ਮਨਜ਼ੂਰਸ਼ੁਦਾ ਪ੍ਰਯੋਗਸ਼ਾਲਾ ਨੂੰ ਭੇਜੇਗੀ।

ਹੇਠਾਂ ਦਿੱਤੀ ਸਾਰਣੀ ਇਹ ਦਰਸਾਉਂਦੀ ਹੈ ਕਿ **ਪ੍ਰਯੋਗਸ਼ਾਲਾ ਦੀ ਜਾਂਚ ਦੇ ਨਤੀਜੇ 'ਤੇ ਨਿਰਭਰ ਕਰਦੇ ਹੋਏ** ਤੁਹਾਡੀ ਉਲੰਘਣਾ ਨਾਲ ਕਿਵੇਂ ਨਜਿੱਠਿਆ ਜਾਵੇਗਾ।

<table>
<tr><td>
ਜੇ ਪ੍ਰਯੋਗਸ਼ਾਲਾ ਦੀ ਜਾਂਚ ਨਾਲ ਇਹ ਪੁਸ਼ਟੀ ਹੁੰਦੀ ਹੈ ਕਿ ਤੁਹਾਡੇ ਔਰਲ ਫਲੂਅਡ ਸੈਂਪਲ ਵਿੱਚ ਪ੍ਰਿਸਕ੍ਰਾਇਬ ਨਾਜ਼ਾਇਜ ਡ੍ਰਗ ਸ਼ਾਮਿਲ ਸੀ, ਤਾਂ ਉਲੰਘਣਾ ਦਾ ਲਾਗੂ ਹੋਣਾ ਜਾਰੀ ਰਹਿੰਦਾ ਹੈ, ਅਤੇ ਤੁਹਾਡੀਆਂ ਜ਼ਿੰਮੇਵਾਰੀਆਂ ਅਤੇ ਵਿਕਲਪ ਦੇ ਵੇਰਵੇ (ਜਿਵੇਂ ਕਿ ਉਲੰਘਣਾ ਦਾ ਵਿਰੋਧ ਕਰਨ ਦਾ ਤੁਹਾਡਾ ਹੱਕ) ਉਲੰਘਣਾ ਨੋਟਿਸ ਵਿੱਚ ਦਿੱਤਾ ਜਾਂਦਾ ਹੈ।
ਜੇ ਅਜਿਹਾ ਹੁੰਦਾ ਹੈ, ਤਾਂ ਤੁਹਾਨੂੰ ਪ੍ਰਯੋਗਸ਼ਾਲਾ ਦੀ ਜਾਂਚ ਦੇ ਨਤੀਜੇ ਦੀ ਸੂਚਨਾ ਨਹੀਂ ਦਿੱਤੀ ਜਾਵੇਗੀ, ਬਸ਼ਰਤੇ ਕਿ ਤੁਸੀਂ ਉਲੰਘਣਾ ਦਾ ਵਿਰੋਧ ਕਰਦੇ ਹੋ।
</td></tr>
<tr><td>
ਜੇ ਪ੍ਰਯੋਗਸ਼ਾਲਾ ਦੀ ਜਾਂਚ ਨਾਲ ਇਹ ਪੁਸ਼ਟੀ ਨਹੀਂ ਹੁੰਦੀ ਹੈ ਕਿ ਤੁਹਾਡੇ ਔਰਲ ਫਲੂਅਡ ਸੈਂਪਲ ਵਿੱਚ ਪ੍ਰਿਸਕ੍ਰਾਇਬ ਨਾਜ਼ਾਇਜ ਡ੍ਰਗ ਸ਼ਾਮਿਲ ਸੀ, ਤਾਂ ਉਲੰਘਣਾ ਨੋਟਿਸ ਵਾਪਿਸ ਲੈ ਲਿਆ ਜਾਵੇਗਾ, ਅਤੇ ਉਲੰਘਣਾ 'ਤੇ ਕੋਈ ਜ਼ੁਰਮਾਨਾ ਲਾਗੂ ਨਹੀਂ ਹੋਵੇਗਾ।
ਜੇ ਅਜਿਹਾ ਹੁੰਦਾ ਹੈ ਤਾਂ ਵਿਕਟੋਰੀਆ ਪੁਲਿਸ ਤੁਹਾਨੂੰ ਉਸ ਪਤੇ 'ਤੇ ਇੱਕ ਚਿੱਠੀ ਭੇਜਕੇ ਇਸਦੀ ਸੂਚਨਾ ਦਵੇਗੀ ਜੋ ਤੁਸੀਂ ਵਿਕਟੋਰੀਆ ਪੁਲਿਸ ਨੂੰ ਦਿੱਤਾ ਹੋਵੇਗਾ। ਜੇ ਤੁਸੀਂ ਜ਼ੁਰਮਾਨੇ ਦਾ ਭੁਗਤਾਨ ਕਰ ਦਿੱਤਾ ਹੈ, ਤਾਂ ਤੁਹਾਡਾ ਭੁਗਤਾਨ ਤੁਹਾਨੂੰ ਵਾਪਿਸ ਕਰ ਦਿੱਤਾ ਜਾਵੇਗਾ।
</td></tr>
<tr><td>
ਜੇ ਵਿਕਟੋਰੀਆ ਪੁਲਿਸ ਨੂੰ ਉਲੰਘਣਾ ਦੀ ਤਰੀਕ ਦੇ 28 ਦਿਨਾਂ ਵਿੱਚ ਪ੍ਰਯੋਗਸ਼ਾਲਾ ਦੀ ਜਾਂਚ ਦਾ ਨਤੀਜਾ ਨਹੀਂ ਮਿਲਦਾ ਹੈ, ਤਾਂ ਉਲੰਘਣਾ ਵਾਪਿਸ ਲੈ ਲਈ ਜਾਵੇਗੀ।
ਜੇ ਅਜਿਹਾ ਹੁੰਦਾ ਹੈ ਤਾਂ ਵਿਕਟੋਰੀਆ ਪੁਲਿਸ ਤੁਹਾਨੂੰ ਉਸ ਪਤੇ 'ਤੇ ਇੱਕ ਚਿੱਠੀ ਭੇਜਕੇ ਇਸਦੀ ਸੂਚਨਾ ਦਵੇਗੀ ਜੋ ਤੁਸੀਂ ਵਿਕਟੋਰੀਆ ਪੁਲਿਸ ਨੂੰ ਦਿੱਤਾ ਹੋਵੇਗਾ। ਜੇ ਤੁਸੀਂ ਜ਼ੁਰਮਾਨੇ ਦਾ ਭੁਗਤਾਨ ਕਰ ਦਿੱਤਾ ਹੈ, ਤਾਂ ਤੁਹਾਡਾ ਭੁਗਤਾਨ ਤੁਹਾਨੂੰ ਵਾਪਿਸ ਕਰ ਦਿੱਤਾ ਜਾਵੇਗਾ।
ਤੁਹਾਡੇ ਔਰਲ ਫਲੂਅਡ ਸੈਂਪਲ ਦੀ ਜਾਂਚ ਫਿਰ ਵੀ ਇੱਕ ਮਨਜ਼ੂਰਸ਼ੁਦਾ ਪ੍ਰਯੋਗਸ਼ਾਲਾ ਦੁਆਰਾ ਕੀਤੀ ਜਾਵੇਗੀ।
ਜੇ ਪ੍ਰਯੋਗਸ਼ਾਲਾ ਦੀ ਜਾਂਚ ਦੇ ਨਤੀਜੇ ਤੋਂ ਇਹ ਪੁਸ਼ਟੀ ਹੁੰਦੀ ਹੈ ਕਿ ਤੁਹਾਡੇ ਔਰਲ ਫਲੂਅਡ ਸੈਂਪਲ ਵਿੱਚ ਪ੍ਰਿਸਕ੍ਰਾਇਬ ਨਾਜ਼ਾਇਜ ਡ੍ਰਗ ਸ਼ਾਮਿਲ ਸੀ, ਤਾਂ ਤੁਹਾਨੂੰ ਕਥਿਤ ਅਪਰਾਧ ਲਈ ਇੱਕ ਨਵਾਂ ਉਲੰਘਣਾ ਨੋਟਿਸ ਜਾਰੀ ਕੀਤਾ ਜਾਵੇਗਾ।
ਜੇ ਪ੍ਰਯੋਗਸ਼ਾਲਾ ਦੀ ਜਾਂਚ ਦੇ ਨਤੀਜੇ ਤੋਂ ਇਹ ਪੁਸ਼ਟੀ ਨਹੀਂ ਹੁੰਦੀ ਹੈ ਕਿ ਤੁਹਾਡੇ ਔਰਲ ਫਲੂਅਡ ਸੈਂਪਲ ਵਿੱਚ ਪ੍ਰਿਸਕ੍ਰਾਇਬ ਨਾਜ਼ਾਇਜ ਡ੍ਰਗ ਸ਼ਾਮਿਲ ਸੀ, ਤਾਂ ਅੱਗੇ ਕੋਈ ਹੋਰ ਕਾਰਵਾਈ ਨਹੀਂ ਕੀਤੀ ਜਾਵੇਗੀ।
</td></tr>
</table>

ਤੁਸੀਂ ਉਲੰਘਣਾ ਦੀ ਤਰੀਕ ਦੇ **28 ਦਿਨਾਂ ਅੰਦਰ** ਉਲੰਘਣਾ ਦਾ ਵਿਰੋਧ ਕਰ ਸਕਦੇ ਹੋ।

ਜੇ ਤੁਸੀਂ ਉਲੰਘਣਾ ਦਾ **ਵਿਰੋਧ** ਕਰਦੇ ਹੋ, ਅਤੇ ਪ੍ਰਯੋਗਸ਼ਾਲਾ ਦੀ ਜਾਂਚ ਦੇ ਨਤੀਜੇ ਤੋਂ ਇਹ ਪੁਸ਼ਟੀ ਹੁੰਦੀ ਹੈ ਕਿ ਤੁਹਾਡੇ ਔਰਲ ਫਲੂਅਡ ਸੈਂਪਲ ਵਿੱਚ ਪ੍ਰਿਸਕ੍ਰਾਇਬ ਡ੍ਰਗ ਸ਼ਾਮਿਲ ਸੀ, ਤਾਂ ਵਿਕਟੋਰੀਆ ਪੁਲਿਸ **ਪ੍ਰਯੋਗਸ਼ਾਲਾ ਦੀ ਜਾਂਚ ਦੇ ਨਤੀਜੇ 'ਤੇ ਨਿਰਭਰ ਕਰਦੇ ਹੋਏ** ਤੁਹਾਡੇ ਮਾਮਲੇ ਬਾਰੇ ਅਦਾਲਤ ਵਿੱਚ ਫੈਸਲਾ ਲਿੱਤੇ ਜਾਣ ਦੀ ਕੋਸ਼ਿਸ਼ ਕਰੇਗੀ।

ਜੇ ਤੁਸੀਂ ਉਲੰਘਣਾ ਦਾ **ਵਿਰੋਧ ਨਹੀਂ** ਕਰਦੇ ਹੋ, ਅਤੇ ਵਿਰੋਧ ਕਰਨ ਦੀ ਮਿਆਦ ਵਿੱਚ ਪ੍ਰਯੋਗਸ਼ਾਲਾ ਦੀ ਜਾਂਚ ਦੇ ਨਤੀਜੇ ਤੋਂ ਇਹ ਪੁਸ਼ਟੀ ਹੁੰਦੀ ਹੈ ਕਿ ਤੁਹਾਡੇ ਔਰਲ ਫਲੂਅਡ ਸੈਂਪਲ ਵਿੱਚ ਪ੍ਰਿਸਕ੍ਰਾਇਬ ਨਾਜ਼ਾਇਜ ਡ੍ਰਗ ਸ਼ਾਮਿਲ ਸੀ, ਤਾਂ ਤੁਹਾਨੂੰ ਆਪਣੇ ਆਪ ਜ਼ੁਰਮ ਲਈ ਅਪਰਾਧੀ ਮੰਨਿਆ ਜਾਵੇਗਾ, ਭਾਵੇਂ ਤੁਸੀਂ ਜ਼ੁਰਮਾਨੇ ਦਾ ਭੁਗਤਾਨ ਕੀਤਾ ਹੋਵੇ ਜਾਂ ਨਾ ਕੀਤਾ ਹੋਵੇ।

ਜ਼ੁਰਮਾਨਾ ਪ੍ਰਕ੍ਰਿਆ ਬਾਰੇ ਵਧੇਰੀ ਜਾਣਕਾਰੀ Fines Victoria ਦੀ ਵੈੱਬਸਾਈਟ https://online.fines.vic.gov.au/ 'ਤੇ ਜਾਂ Fines Victoria ਨੂੰ ਸੋਮਵਾਰ ਤੋਂ ਸ਼ੁਕਰਵਾਰ ਸਵੇਰੇ 8 ਵਜੇ ਤੋਂ ਲੈ ਕੇ ਸ਼ਾਮ 6 ਵਜੇ ਵਿੱਚਕਾਰ (03) 9200 8111 'ਤੇ ਫੋਨ ਕਰਕੇ ਲਈ ਜਾ ਸਕਦੀ ਹੈ। ਖੇਤਰੀ ਵਿਕਟੋਰੀਆ ਤੋਂ ਫੋਨ ਕਰਨ ਵਾਲੇ ਲੋਕ ਲੋਕਲ ਕਾਲ ਦੀ ਲਾਗਤ 'ਤੇ Fines Victoria ਨੂੰ 1300 369 819 ਤੇ ਫੋਨ ਕਰ ਸਕਦੇ ਹਨ।